ਨਿਊਜ਼ ਰਿਲੀਜ਼

# ਐਲਬਰਟਾ ਵਿਚ ਹੁਨਰਮੰਦ ਟਰੇਡਾਂ ਦਾ ਭਵਿੱਖ ਬਣਾਉਣਾ

27 ਮਾਰਚ 2025 ਮੀਡੀਆ ਇੰਨਕੁਆਰੀਆਂ

## ਬੱਜਟ 2025, ਜੇਕਰ ਪਾਸ ਹੋ ਜਾਂਦਾ ਹੈ, ਤਾਂ ਇਹ ਨਾਰਦਰਨ ਐਲਬਰਟਾ ਇੰਸਟੀਚਿਊਟ ਆਫ ਟੈਕਨਾਲੋਜੀ (NAIT) 'ਚ ਐਡਵਾਂਸਡ ਸਕਿੱਲਜ਼ ਸੈਂਟਰ ਦੀ ਯੋਜਨਾਂਬੰਦੀ ਅਤੇ ਡਿਜ਼ਾਈਨ ਵਾਸਤੇ 20 ਮਿਲੀਅਨ  ਡਾਲਰ ਮੁਹੱਈਆ ਕਰਦਾ ਹੈ।

ਜਿੱਦਾਂ ਕਿ ਐਲਬਰਟਾ ਦੀ ਆਰਥਿਕਤਾ 'ਚ ਵਾਧਾ ਅਤੇ ਵਿਭਿੰਨਤਾ ਹੋਣਾ ਜਾਰੀ ਰਹਿੰਦਾ ਹੈ, ਇੰਜ ਹੀ ਸੂਬੇ ਦੀ ਉਸਾਰੀ ਲਈ ਵਧੇਰੇ ਹੁਨਰਮੰਦ ਟਰੇਡਾਂ ਵਾਲੇ ਲੋਕਾਂ ਦੀ ਲੋੜ ਵਧਦੀ ਹੈ। ਐਲਬਰਟਾ ਸਰਕਾਰ ਵਿਦਿਆਰਥੀਆਂ ਨੂੰ ਐਲਬਰਟਾ ਦੀ ਵਰਕਫੋਰਸ ਵਿਚ ਦਾਖਲ ਹੋਣ ਵਾਸਤੇ ਹੁਨਰ ਅਤੇ ਜਾਣਕਾਰੀ ਲੈਣ 'ਚ ਮਦਦ ਕਰਨ ਲਈ, ਵਧੇਰੇ ਮੰਗ ਵਾਲੇ ਖੇਤਰਾਂ 'ਚ ਟਰੇਨਿੰਗ ਦੇਣ ਦੀ ਸਮਰੱਥਾ 'ਚ ਵਾਧੇ ਤੇ ਰਣਨੀਤਕ ਪੂੰਜੀ-ਨਿਵੇਸ਼ ਕਰਨ ਦੁਆਰਾ ਅਜੋਕੀ ਅਤੇ ਭਵਿੱਖ ਦੀ ਲੇਬਰ ਮਾਰਕੀਟ ਦੀਆਂ ਲੋੜਾਂ ਨਾਲ ਨਿਪਟ ਰਹੀ ਹੈ।

ਬੱਜਟ 2025 ਦੁਆਰਾ, ਜੇਕਰ ਪਾਸ ਹੋ ਜਾਂਦਾ ਹੈ, ਤਾਂ ਐਲਬਰਟਾ ਸਰਕਾਰ ਨਾਰਦਰਨ ਐਲਬਰਟਾ ਇੰਸਟੀਚਿਊਟ ਆਫ ਟੈਕਨਾਲੋਜੀ (NAIT) ਵਿਚ ਐਡਵਾਂਸਡ ਸਕਿੱਲਜ਼ ਸੈਂਟਰ ਵਾਸਤੇ ਉਸਾਰੀ ਤੋਂ ਪਹਿਲਾਂ ਦੀ ਯੋਜਨਾਂਬੰਦੀ ਅਤੇ ਡਿਜ਼ਾਈਨ ਲਈ ਤਿੰਨ ਸਾਲਾਂ ਦੌਰਾਨ ਹੋਣ ਵਾਲੇ 43 ਮਿਲੀਅਨ ਡਾਲਰ ਦੇ ਕੁੱਲ ਪੂੰਜੀ-ਨਿਵੇਸ਼ ਦੇ ਇਕ ਭਾਗ ਵਜੋਂ ਲਗਾਤਾਰ ਦਿੱਤੀ ਜਾਣ ਵਾਲੀ ਫੰਡਿੰਗ 'ਚ 20 ਮਿਲੀਅਨ ਡਾਲਰ ਦਾ ਪੂੰਜੀ-ਨਿਵੇਸ਼ ਕਰ ਰਹੀ ਹੈ। ਜਦੋਂ ਚਾਲੂ ਹੋ ਜਾਂਦਾ ਹੈ ਤਾਂ ਇਸ ਸੈਂਟਰ ਵੱਲੋਂ ਪ੍ਰਤਿ ਵਰਸ਼ 4,200 ਵਧੀਕ ਅਪਰੈਂਟਿਸਸ਼ਿੱਪ/ਕੰਮ 'ਤੇ ਟਰੇਨਿੰਗ ਲੈਂਦੇ ਵਿਦਿਆਰਥੀਆਂ ਨੂੰ ਟਰੇਨਿੰਗ ਦਿੱਤੇ ਜਾਣ ਦੀ ਆਸ ਕੀਤੀ ਜਾਂਦੀ ਹੈ, ਜਿਸ ਨਾਲ ਐਲਬਰਟਾ ਦੀ ਹੁਨਰਮੰਦਰ ਵਰਕਰਾਂ ਦੀ ਵਧ ਰਹੀ ਮੰਗ ਨੂੰ ਪੂਰਿਆਂ ਕਰਨ 'ਚ ਮਦਦ ਮਿਲੇਗੀ।

"ਹੁਨਰਮੰਦ ਟਰੇਡਾਂ ਵਾਸਤੇ ਅਪਰੈਂਟਿਸਸ਼ਿੱਪ 'ਤੇ ਟਰੇਨਿੰਗ ਸਿੱਖਿਆ 'ਚ ਪੂੰਜੀ-ਨਿਵੇਸ਼ ਕਰਨ ਦੁਆਰਾ ਐਲਬਰਟਾ ਇੰਡਸਟਰੀ ਦੀਆਂ ਲੋੜਾਂ ਨਾਲ ਨਜਿੱਠ ਰਿਹਾ ਹੈ ਅਤੇ ਆਪਣੇ ਪੂੰਜੀ-ਨਿਵੇਸ਼ ਨੂੰ ਉਨਾਂ ਤਰੀਕਿਆਂ ਨਾਲ ਸੋਧਿਤ ਕਰ

ਰਿਹਾ ਹੈ ਜਿਹੜੇ ਆਰਥਿਕਤਾ ਨੂੰ ਸਮਰਥਨ ਦਿੰਦੇ ਹਨ। ਐਡਵਾਂਸਡ ਸਕਿੱਲਜ਼ ਸੈਂਟਰ ਵਰਗੇ ਪ੍ਰਾਜੈਕਟ ਸਾਡੀ ਉਸ ਪ੍ਰਤਿਬਧਤਾ ਦੀ ਉਦਾਹਰਨ ਪੇਸ਼ ਕਰਦੇ ਹਨ ਜਿਹੜੀ ਇਹ ਯਕੀਨੀ ਬਣਾਉਣ 'ਚ ਮਦਦ ਕਰਦੀ ਹੈ ਕਿ ਵਿਦਿਆਰਥੀ ਵਡੇਰੀ ਮੰਗ ਵਾਲੇ ਖੇਤਰਾਂ 'ਚ ਮੌਕਿਆਂ ਦਾ ਵੱਧ ਤੋਂ ਵੱਧ ਫਾਇਦਾ ਉਠਾ ਸਕਣ ਅਤੇ ਐਲਬਰਟਾ ਦੀ ਵਰਕਫੋਰਸ ਵਿਚ ਕਾਮਯੋਬ ਹੋਣ ਲਈ ਉਹ ਹੁਨਰ ਪ੍ਰਾਪਤ ਕਰ ਸਕਣ, ਜਿੰਨ੍ਹਾਂ ਦੀ ਉਨ੍ਹਾਂ ਨੂੰ ਜ਼ਰੂਰਤ ਹੈ।"

*Rajan Sawhney, ਮਿਨਿਸਟਰ ਆਫ ਐਡਵਾਂਸਡ ਐਜੂਕੇਸ਼ਨ*

ਨਵੀਂ ਫੈਸਿਲਿਟੀ ਨਾਰਦਰਨ ਐਲਬਰਟਾ ਇੰਸਟੀਚਿਊਟ ਆਫ ਟੈਕਨਾਲੋਜੀ ਦੇ ਮੁੱਖ ਕੈਂਪਸ 'ਚ 640,000 ਵਰਗ ਫੁੱਟ ਦੀ ਆਧੁਨਿਕਤਮ ਪ੍ਰਕਾਰ ਦੀ ਹੋਰ ਜਗਹ ਵਧਾਵੇਗੀ। ਐਡਵਾਂਸਡ ਸਕਿੱਲਜ਼ ਸੈਂਟਰ ਵਿਸਤ੍ਰਿਤ, ਮੋਹਰੀ ਪ੍ਰਕਾਰ ਦੀ ਐਪਰੈਂਟਿਸਸ਼ਿੱਪ ਅਤੇ ਤਕਨਾਲੋਜੀ-ਆਧਾਰਿਤ ਸਿੱਖਿਆ ਪ੍ਰਦਾਨ ਕਰੇਗਾ ਜਿਹੜੀ ਸਿੱਖਿਆ ਚਾਰ ਪ੍ਰਮੁੱਖ ਸੈਕਟਰਾਂ: ਕੰਸਟ੍ਰੱਕਸ਼ਨ, ਟ੍ਰਾਂਸਪੋਰਟੇਸ਼ਨ, ਮੈਨੂਫੈਕਚਰਿੰਗ ਅਤੇ ਐਨਰਜੀ 'ਤੇ ਕੇਂਦਰਿਤ ਹੁੰਦਿਆਂ, ਇੰਡਸਟਰੀ ਦੀਆਂ ਲੋੜਾਂ ਦੀ ਪੂਰਤੀ ਕਰਨ 'ਚ ਮਦਦ ਕਰੇਗੀ।

"ਐਲਬਰਟਾ ਦੀ ਆਰਥਿਕਤਾ ਹੁਨਰਮੰਦ ਟਰੇਡਾਂ ਵਾਲੇ ਲੋਕਾਂ ਦੁਆਰਾ ਉਸਾਰੀ ਗਈ ਹੈ, ਅਤੇ ਇਹ ਪੂੰਜੀ-ਨਿਵੇਸ਼ ਯਕੀਨੀ ਬਣਾਉਂਦਾ ਹੈ ਕਿ ਐਲਬਰਟਾ ਨਿਵਾਸੀ ਉਸ ਟਰੇਨਿੰਗ ਤੱਕ ਪਹੁੰਚ ਕਰ ਸਕਦੇ ਹਨ ਜਿਸਦੀ ਦੀ ਉਨ੍ਹਾਂ ਨੂੰ ਸਥਾਈ, ਉੱਚ-ਤਨਖਾਹ ਵਾਲੀਆਂ ਨੌਕਰੀਆਂ ਲੈ ਸਕਣ ਲਈ ਜ਼ਰੂਰਤ ਹੈ। ਐਡਵਾਂਸਡ ਸਕਿੱਲਜ਼ ਸੈਂਟਰ ਪ੍ਰਮੁੱਖ ਉਦਯੋਗਾਂ 'ਚ ਵਰਕਫੋਰਸ ਲੋੜਾਂ ਨੂੰ ਪੂਰਿਆਂ ਕਰਨ 'ਚ, ਅਤੇ ਸਾਡੇ ਸੂਬੇ ਨੂੰ ਆਉਣ ਵਾਲੇ ਕਈ ਸਾਲਾਂ ਤੱਕ ਮੁਕਾਬਲੇ-ਯੋਗ ਅਤੇ ਖੁਸ਼ਹਾਲ ਬਣਾਈ ਰੱਖਣ 'ਚ ਮਦਦ ਕਰੇਗਾ।"

*Matt Jones, ਮਿਨਿਸਟਰ ਆਫ ਜੌਬਜ਼, ਇਕਾਨਮੀ ਐਂਡ ਟਰੇਡ*

ਐਡਵਾਂਸਡ ਸਕਿੱਲਜ਼ ਸੈਂਟਰ ਹੁਣ ਯੋਜਨਾਂਬੰਦੀ ਅਤੇ ਡਿਜ਼ਾਇਨ ਦੇ ਪੜਾਅ 'ਚ ਹੈ ਅਤੇ 2029 'ਚ ਇਸਦੇ ਪੂਰੀ ਤਰ੍ਹਾਂ ਚਾਲੂ ਹੋ ਜਾਣ ਦੀ ਆਸ ਕੀਤੀ ਗਈ ਹੈ। ਸੈਂਟਰ ਦੇ ਇਕ ਭਾਗ ਵਜੋਂ, ਨਾਰਦਰਨ ਐਲਬਰਟਾ ਇੰਸਟੀਚਿਊਟ ਆਫ ਟੈਕਨਾਲੋਜੀ ਨੇ 10,000 ਵਰਗ ਫੁੱਟ ਜਗਹ ਟਰੇਡਾਂ ਅਤੇ ਤਕਨਾਲੋਜੀ ਮੁਹਾਰਤ ਖੋਜਣ ਵਾਸਤੇ ਸੁਝਾਈ ਹੈ, ਜਿਹੜੀ ਜਗਹ ਕੇ-12 ਭਾਈਵਾਲਾਂ, ਕਮਿਊਨਿਟੀ ਗਰੁੱਪਾਂ ਅਤੇ ਇੰਡਸਟਰੀ ਲਈ ਵਿਵਹਾਰਕ ਪ੍ਰਕਾਰ ਦੀ ਟਰੇਨਿੰਗ ਦੇ ਮੌਕਿਆਂ ਵਾਸਤੇ ਕੇਂਦਰ ਵਜੋਂ ਕੰਮ ਕਰੇਗੀ।

*ਬੱਟਜ 2025, ਸਿੱਖਿਆ ਅਤੇ ਸਿਹਤ 'ਚ ਲਗਾਤਾਰ ਪੂੰਜੀ-ਨਿਵੇਸ਼ ਕਰਨ, ਪਰਿਵਾਰਾਂ ਲਈ ਟੈਕਸ ਘਟਾਉਣ ਅਤੇ ਆਰਥਿਕਤਾ 'ਤੇ ਧਿਆਨ ਕੇਂਦਰਿਤ ਕਰਨ ਦੁਆਰਾ ਐਲਬਰਟਾ ਦੀਆਂ ਕਮਿਊਨਿਟੀਆਂ ਨੂੰ ਦਰਪੇਸ਼ ਚੁਣੌਤੀਆਂ ਨੂੰ ਹੱਲ ਕਰਦਾ ਹੈ।*

## ਫੌਰੀ ਤੱਥ

- ਐਡਵਾਂਸਡ ਸਕਿੱਲਜ਼ ਸੈਂਟਰ ਦੀ ਉਸਾਰੀ ਤੋਂ ਪਹਿਲਾਂ ਯੋਜਨਾਂਬੰਦੀ ਅਤੇ ਡਿਜ਼ਾਈਨ ਵਾਸਤੇ 20 ਮਿਲੀਅਨ ਡਾਲਰ ਦਾ ਪੂੰਜੀ-ਨਿਵੇਸ਼ ਪਹਿਲਾਂ 2024 'ਚ ਐਲਾਨ ਕੀਤੇ ਗਏ ਤਿੰਨ ਸਾਲਾਂ ਦੌਰਾਨ ਕੁੱਲ 43 ਮਿਲੀਅਨ ਡਾਲਰ ਦੇ ਪੂੰਜੀ-ਨਿਵੇਸ਼ ਦਾ ਇਕ ਭਾਗ ਹੈ।
- ਐਲਬਰਟਾ ਸਰਕਾਰ ਵੱਲੋਂ ਪ੍ਰਤਿਵਰਸ਼ ਫੰਡਿੰਗ ਹੇਠ ਲਿਖੇ ਅਨੁਸਾਰ ਵੰਡੀ ਗਈ ਹੈ:
    - 2024-25 'ਚ 2 ਮਿਲੀਅਨ ਡਾਲਰ
    - 2025-26 'ਚ 20 ਮਿਲੀਅਨ ਡਾਲਰ
    - 2026-27 'ਚ 21 ਮਿਲੀਅਨ ਡਾਲਰ
- ਬੱਜਟ 2025 ਦੁਆਰਾ, ਜੇਕਰ ਪਾਸ ਹੋ ਜਾਂਦਾ ਹੈ, ਤਾਂ ਐਲਬਰਟਾ ਸੂਬੇ ਭਰ ਵਿਚ 11 ਪੋਸਟ-ਸੈਕੰਡਰੀ ਸੰਸਥਾਵਾਂ ਵਿਚ ਅਪਰੈਂਟਿਸਸ਼ਿੱਪ ਪ੍ਰੋਗਰਾਮਾਂ 'ਚ ਸੀਟਾਂ ਵਾਸਤੇ ਤਿੰਨ ਸਾਲਾਂ ਦੌਰਾਨ ਪ੍ਰਤਿ ਸਾਲ 78 ਮਿਲੀਅਨ ਡਾਲਰ ਵਧੀਕ ਪੂੰਜੀ-ਨਿਵੇਸ਼ ਵੀ ਕਰ ਰਿਹਾ ਹੈ।
- ਹਰੇਕ ਸਾਲ NAIT  ਦੇ ਕੈਂਪਸਾਂ 'ਤੇ 30,000 ਤੋਂ 40,000 ਵਿਦਿਆਰਥੀ ਪ੍ਰੋਗਰਾਮਾਂ 'ਚ ਦਾਖਲ ਕੀਤੇ ਜਾਂਦੇ ਹਨ।
    - ਫੁੱਲ-ਟਾਈਮ ਪ੍ਰੋਗਰਾਮਾਂ 'ਚ ਪੜ੍ਹ ਰਹੇ ਉਨ੍ਹਾਂ ਵਿਦਿਆਰਥੀਆਂ 'ਚੋਂ 30 ਪ੍ਰਤਿਸ਼ਤ ਤੋਂ ਵਧੇਰੇ ਅਪਰੈਂਟਿਸਸ਼ਿੱਪ ਅਤੇ ਹੁਨਰਮੰਦ ਟਰੇਡਾਂ ਦੇ ਪ੍ਰੋਗਰਾਮਾਂ 'ਚ ਦਾਖਲ ਕੀਤੇ ਜਾਂਦੇ ਹਨ।
- ਸੀਟਾਂ ਅਤੇ ਅਪਰੈਂਟਿਸਸ਼ਿੱਪ 'ਚ ਰਜਿਸਟਰੇਸ਼ਨ ਵਾਸਤੇ ਮੰਗ ਪਿਛਲੇ ਤਿੰਨ ਸਾਲਾਂ ਦੌਰਾਨ ਵਧ ਗਈ ਹੈ ਅਤੇ ਐਲਬਰਟਾ ਦੀ ਪ੍ਰਫੁੱਲਤ ਹੋ ਰਹੀ ਆਰਥਿਕਤਾ ਅਤੇ ਰਿਟਾਇਰ ਹੋਣ ਵਾਲਿਆਂ ਵੱਲੋਂ ਖਾਲੀ ਕੀਤੀਆਂ ਜਾਂਦੀਆਂ ਆਸਾਮੀਆਂ ਕਾਰਨ ਇਸ ਵਿਚ ਲਗਾਤਾਰ ਵਾਧੇ ਦੀ ਉਮੀਦ ਕੀਤੀ ਜਾਂਦੀ ਹੈ।
- ਫਰਵਰੀ 2025 ਤੱਕ, ਐਲਬਰਟਾ 'ਚ 73,000 ਤੋਂ ਵੱਧ ਅਪਰੈਂਟਿਸ ਰਜਿਸਟਰ ਹੋਏ ਸਨ, ਜੋ ਪਿਛਲੇ ਸਾਲ ਦੇ ਮੁਕਾਬਲੇ 19 ਪ੍ਰਤਿਸ਼ਤ ਦਾ ਵਾਧਾ ਦਰਸਾਉਂਦੇ ਹਨ।

## ਸਬੰਧਤ ਜਾਣਕਾਰੀ

- ਅਪਰੈਂਟਿਸਸ਼ਿੱਪ ਅਤੇ ਹੁਨਰਮੰਦ ਟਰੇਡਾਂ ਬਾਰੇ ਜਾਣਕਾਰੀ tradesecrets.alberta.ca. 'ਤੇ ਉਪਲਬਧ ਹੈ।

## ਸਬੰਧਤ ਖਬਰਾਂ

- Investing in the future of apprenticeships at NAIT (28 ਮਈ 2024)

## ਮਲਟੀਮੀਡੀਆ

- ਨਿਊਜ਼ ਕਾਨਫਰੰਸ ਵੇਖੋ

## ਮੀਡੀਆ ਇੰਨਕੁਆਰੀਆਂ

**Varun Chandrasekar**

780-293-1745
ਪ੍ਰੈੱਸ ਸੈਕਰੇਟਰੀ, ਐਡਵਾਂਸਡ ਐਜੂਕੇਸ਼ਨ